ਸਾਰੇ ਦੁੱਖਾਂ ਦੀ ਸੰਪੂਰਨਤਾ ਨਾਲ ਨਾਸ਼ ਕਰਨ ਵਾਲੀ ਹੈ ਅਤੇ ਸ਼ਾਸ਼ਵਤ ਸੁੱਖ ਦਾ ਇੱਕ ਮਾਤਰ ਧਾਮ ਹੈ। - (8)

4

# ਏਕਤਵ ਭਾਵਨਾ (ਸ਼ਲੋਕ)

ਇਹ ਆਤਮਾ ਇੱਕ ਹੈ। ਇਹੋ ਪ੍ਰਭੂ ਹੈ, ਭਗਵਾਨ ਹੈ, ਗਿਆਨ ਦਰਸ਼ਨ ਦੇ ਤਿਰੰਗਾਂ ਵਿੱਚ ਮਸਤ ਹੈ। ਇਸ ਤੋਂ ਛੁੱਟ ਜੋ ਕੁਝ ਵੀ ਹੈ। ਉਹ ਸਭ ਮਮਤਾ ਹੀ ਹੈ। ਕਲਪਨਾ ਦਾ ਸੰਸਾਰ ਹੈ। ਇਹ ਮਮਤਾ ਦੁੱਖਾਂ ਨੂੰ ਵਧਾਉਣ ਵਾਲੀ ਹੈ। - (1)

ਹੇ ਜਨਮ ਮਰਨ ਦੀ ਲਾਲਸਾ ਵਿੱਚ ਡੁੱਬੇ ਹੋਏ ਮੂਰਖ ਅਤੇ ਅਗਿਆਨੀ ਆਦਮੀ ਇੰਦਰੀਆਂ ਤੋਂ ਪ੍ਰਾਪਤ ਪਰਾਏ ਸੁੱਖ ਨੂੰ, ਪਰਾਈ ਵਸਤੂ ਨੂੰ ਆਪਣਾ ਮੰਨਦੇ ਹਨ। - (2)

ਸਮਝਦਾਰ ਅਤੇ ਵਿਵੇਕੀ ਮਨੁੱਖ ਦੂਸਰੀ ਸੰਪਤ ਬਾਰੇ, ਇਹ ਮੇਰੀ ਹੈ, ਅਜਿਹੀ ਕਲਪਨਾ ਜੋ ਕਰਦਾ ਹੈ, ਤਾਂ ਦੁੱਖੀ ਹੁੰਦਾ ਹੈ। ਜੋ ਖੁਦ ਆਪਣਾ ਨਹੀਂ, ਉਸ ਦੀ ਮਮਤਾ ਦਾ ਲਗਾਵ ਤਰ੍ਹਾਂ ਤਰ੍ਹਾਂ ਦੇ ਕਸ਼ਟਾਂ ਨੂੰ ਬੁਲਾਵਾ ਦੇਣਾ ਹੁੰਦਾ। - (3)

ਪਰਾਏਪਣ ਦੇ ਚਾਰਦੇ ਲਿਪਟੇ ਹੋਏ ਮੇਰੇ ਮਨ, ਇਨ੍ਹਾਂ ਪਰਾਇਆਂ ਨੂੰ ਛੱਡ ਕੇ ਤੂੰ ਸਦਾ ਮੁਕਤ ਹੋ ਤਾਂ ਕਿ ਆਤਮ ਵਿਚਾਰ ਰੂਪੀ ਚੰਦਨ ਦਰਖਤ ਦੀ ਠੰਡੀ ਛਾਂ ਤੇਨੂੰ ਛੂਹ ਸਕੇ। - (4)

ਹੇ ਆਤਮਾ, ਸਮਤਾ ਭਾਵ ਦੇ ਨਾਲ ਤੂੰ ਆਤਮਾ ਨਾਲ ਏਕਤਾ ਦੀ ਅਨੁਭੂਤੀ ਕਰ। ਜਿਸ ਕਰਕੇ ਨਵੀਂ ਜਵਾਨੀ ਦੀ ਤਰ੍ਹਾਂ ਤੂੰ ਵੀ ਪਰਮ-ਅਨੰਦ ਦਾ ਖਜ਼ਾਨਾ ਪ੍ਰਾਪਤ ਕਰ ਸਕੇਂਗਾ। - (5)

# ਚੌਥੀ ਭਾਵਨਾ (ਗੀਤ)

ਹੇ ਵਿਨੇ ਤੂੰ ਵਸਤੂ ਦੀ ਅਸਲੀ ਰੂਪ ਦਾ ਭਲੀ-ਭਾਂਤੀ ਚਿੰਤਨ ਕਰ। ਇਸ ਸੰਸਾਰ ਜੇਲ੍ਹ ਵਿੱਚ ਮੇਰਾ ਆਪਣਾ ਕੀ ਹੈ ? ਅਜਿਹਾ ਪਾਰਦਰਸ਼ੀ ਗਿਆਨ ਜਿਸ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ, ਉਸ ਨੂੰ ਫਿਰ ਦੁੱਖ ਛੂਹ ਨਹੀਂ ਸਕਦਾ। - (1)

ਸਰੀਰ ਧਾਰੀ ਆਤਮਾ ਇਕੱਲਾ ਹੀ ਜਨਮ ਲੈਂਦਾ ਹੈ, ਇਕੱਲਾ ਹੀ ਮੌਤ ਦਾ ਸ਼ਿਕਾਰ ਹੁੰਦਾ ਹੈ। ਕਰਮਾਂ ਦਾ ਬੰਧਨ ਹੀ ਇਕੱਲਾ ਕਰਦਾ ਹੈ ਅਤੇ ਕਰਮਾਂ ਦਾ ਭੁਗਤਾਨ ਵੀ ਇਸ ਨੂੰ ਇਕੱਲੇ ਨੂੰ ਕਰਨਾ ਪੈਂਦਾ ਹੈ। - (2)

ਇਸ ਤਰ੍ਹਾਂ ਭਿੰਨ-ਭਿੰਨ ਪ੍ਰਕਾਰ ਦੇ ਮਮਤਾ ਦੇ ਬੋਝ ਵਿੱਚ ਦੱਬਿਆ ਹੋਇਆ ਪ੍ਰਾਣੀ ਪਰਿਗ੍ਰਹਿ ਦਾ ਬੋਝ ਵਧਣ 'ਤੇ ਬਹੁਤ ਜ਼ਿਆਦਾ ਭਾਰ ਵਧਣ ਨਾਲ ਸਮੁੰਦਰ ਵਿੱਚ ਡੁੱਬਣ ਵਾਲੇ ਜਹਾਜ ਦੀ ਤਰ੍ਹਾਂ ਹੇਠਾਂ ਨੂੰ ਡੂੰਘਾਈ ਵਿੱਚ ਜਾਂਦਾ ਹੈ। - (3)

ਸਰਾਬ ਦੇ ਨਸ਼ੇ ਵਿੱਚ ਚੂਰ ਹੋਏ ਆਦਮੀ ਦੀ ਤਰ੍ਹਾਂ ਆਤਮਾ ਪਰਾਏ ਭਾਵ ਦੇ ਬੰਧਣ ਵਿੱਚ ਅਪਵਿੱਤਰ ਹੁੰਦਾ ਹੈ, ਟਕਰਾਉਂਦਾ ਹੈ, ਵਾਪਸ ਹੁੰਦਾ ਹੈ ਅਤੇ ਖਾਲੀ ਮਨ ਹੋ ਕੇ ਭਟਕਦਾ ਹੈ। - (4)

ਤੈਨੂੰ ਤਾਂ ਪਤਾ ਹੀ ਹੈ ਨਾ ? ਸੋਨੇ ਜਿਹੀ ਕੀਮਤੀ ਧਾਤ ਵੀ ਜੇ ਹਲਕੀ ਧਾਤ ਨਾਲ ਮਿਲ ਜਾਵੇ ਤਾਂ ਉਹ ਆਪਣੀ ਨਿਰਮਲਤਾ ਖੋ ਬੈਠਦੀ ਹੈ। (ਉਸੇ ਪ੍ਰਕਾਰ ਹੀ ਆਤਮਾ ਪਰਾਏ ਭਾਵ ਵਿੱਚ ਮੈਲੀ ਹੋ ਜਾਂਦੀ ਹੈ)। - (5)

ਪਰਾਏ ਭਾਵ ਦੇ ਝਗੜੇ ਵਿੱਚ ਪਈ ਹੋਈ ਆਤਮਾ ਪਤਾ ਨਹੀ ਕਿੰਨੇ ਸਵਾਂਗ ਰਚਦੀ ਹੈ। ਪਰ ਉਹੀ ਆਤਮਾ ਜੇ ਕਰਮਾਂ ਦੇ ਮੈਲ ਤੋਂ ਮੁਕਤ ਹੋ ਜਾਵੇ ਤਾਂ ਸ਼ੁੱਧ ਸੋਨੇ ਦੀ ਤਰ੍ਹਾਂ ਚਮਕ ਉੱਠਦੀ ਹੈ। - (6)

ਹੇ ਆਤਮਾ, ਹਮੇਸ਼ਾ ਗਿਆਨ ਦਰਸ਼ੀ ਅਤੇ ਚਿੱਤ ਦਰਸ਼ੀ ਭਾਵਾਂ ਨਾਲ ਪੂਰਨ ਹੁੰਦਾ ਹੈ। ਉਹੀ ਮੇਰੇ ਅਨੁਭਵ ਦੇ ਮੰਦਿਰ ਵਿੱਚ ਬਿਰਾਜਮਾਨ ਹੋਵੇ। - (7)

ਸ਼ਾਂਤ ਰਸ ਦਾ ਝਰਨਾ ਤੇਰੇ ਅੰਦਰ ਪ੍ਰਗਟ ਹੋਇਆ ਹੈ। ਤੂੰ ਜਰਾ ਉਸ ਦਾ ਸਵਾਦ ਤਾਂ ਲੈ। ਇੰਦਰੀਆਂ ਦੇ ਸੁੱਖਾਂ ਦੇ ਭੋਗ ਰਸ ਤੋਂ ਦੂਰ ਦੂਰ ਜਿਵੇਂ ਸ਼ਾਂਤ ਰਸ ਵਿੱਚ ਤੇਰਾ ਮਨ ਆਨੰਦ ਨੂੰ ਪ੍ਰਾਪਤ ਕਰੇਗਾ। - (8)

# 5.

## ਅਨੱਯਤਵ ਭਾਵਨਾ (ਸ਼ਲੋਕ)

ਪਰਾਇਆ ਆਦਮੀ ਜੇ ਘਰ ਵਿੱਚ ਆਉਂਦਾ ਹੈ ਅਤੇ ਵਿਨਾਸ਼ ਕਰਦਾ ਹੈ. ਇਹ ਕਹਾਵਤ ਪੂਰੀ ਤਰ੍ਹਾਂ ਗਲਤ ਨਹੀਂ ਹੈ। ਗਿਆਨ ਨਾਲ ਭਰਪੂਰ ਅਤੇ ਸ਼ੁੱਧ ਆਤਮਾ ਵਿੱਚ ਰਮ ਕੇ ਆਏ ਕਰਮਾਂ ਦੇ ਪ੍ਰਮਾਣੂਆਂ ਨੇ ਕਿੰਨਾ ਕਹਿਰ ਢਾਇਆ ਹੈ ? - (1)

ਹੇ ਮੇਰੇ ਆਤਮਾ, ਕਿਸ ਲਈ ਤੂੰ ਦੂਸਰੇ ਦੇ ਮਾਮਲੇ ਵਿੱਚ ਉਲਝ ਕੇ ਪੀੜ ਦਾ ਸ਼ਿਕਾਰ ਹੁੰਦਾ ਹੈਂ ? ਕੀ ਤੇਰੇ ਕੋਲ ਰਹੇ ਹੋਏ ਗੁਣਾਂ ਦਾ ਖ਼ਜ਼ਾਨਾ ਨਹੀਂ ? ਅਤੇ ਤੂੰ ਉਸ ਖ਼ਜ਼ਾਨੇ 'ਤੇ ਨਿਗਾਹ ਨਹੀਂ ਕਰਦਾ, ਉਸ ਬਾਰੇ ਕਿਉਂ ਨਹੀਂ ਸੋਚਦਾ। - (2)

ਤੂੰ ਜਿਸ ਦੇ ਲਈ ਭਰਪੂਰ ਕੋਸ਼ਿਸ਼ ਕਰਦਾ ਹੈਂ, ਤਰ੍ਹਾਂ ਤਰ੍ਹਾਂ ਦੇ ਕਸ਼ਟਾਂ ਨਾਲ ਦੁਖੀ ਹੁੰਦਾ ਹੈ, ਕਦੇ ਤੂੰ ਖੁਸ਼ੀ ਨਾਲ ਨੱਚਦਾ ਹੈ, ਕਦੇ ਉਦਾਸੀ ਨਾਲ ਘਬਰਾ ਜਾਂਦਾ ਹੈ। ਨਾਰਾਜਗੀ ਅਤੇ ਮਾਯੂਸ ਹੋ ਜਾਂਦਾ ਹੈਂ। ਕਦੇ ਕੁਝ ਮਨ ਚਾਹਿਆ ਪਾ ਕੇ ਮਸਤੀ ਵਿੱਚ ਆ ਜਾਂਦਾ ਹੈ। ਪਰ ਤੂੰ ਤੇਰੇ ਨਿਰਮਲ ਆਤਮ ਸੁਭਾਅ ਨੂੰ ਠੁਕਰਾ ਕੇ ਜਿਨ੍ਹਾਂ ਪਦਾਰਥਾਂ ਦੇ ਪਿੱਛੇ ਪਾਗਲ ਬਣਿਆ ਹੋਇਆ ਹੈਂ, ਉਹ ਸਭ ਪਰਾਏ ਹਨ। ਤੇਰਾ ਕੁਝ ਵੀ ਨਹੀਂ। - (3)

ਇਹ ਦੱਸ ਕਿ ਇਹ ਸੰਸਾਰ ਵਿੱਚ ਅਜਿਹਾ ਕਿਹੜਾ ਕਸ਼ਟ ਹੈ, ਦੁੱਖ ਹੈ, ਜੋ ਤੂੰ ਅਨੁਭਵ ਨਹੀਂ ਕੀਤਾ ? ਪਸ਼ੂ ਅਤੇ ਨਰਕ ਗਤੀ ਵਿੱਚ ਤੂੰ ਮਾਰ ਖਾਧੀ ਹੈ। ਬਾਰ ਬਾਰ ਕੱਟਿਆ ਗਿਆ ਹੈਂ। ਤੇਰੀ ਬੋਟੀ ਬੋਟੀ ਕਰ ਦਿੱਤੀ ਗਈ ਹੈ। ਇਹ ਸਭ ਪਰ-ਪਦਾਰਥਾਂ ਦੇ ਪ੍ਰਤੀ ਲਗਾਓ ਦਾ ਇੰਦਰਜਾਲ ਹੈ ਅਤੇ ਇਸ ਦੁੱਖ ਨੂੰ ਵਿਸਾਰ ਕੇ ਵਾਪਸ ਫਿਰ ਪਾਗਲਾਂ ਦੀ